\

# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਬਠਿੰਡਾ

deose.bathinda@punjabeducation.gov.in

ਵੱਲ,

ਸਮੂਹ ਸਕੂਲ ਮੁੱਖੀ
ਪ੍ਰਾਈਵੇਟ /ਸੈਂਟਰਲ /ਏਡਿਡ /ਮੈਰੀਟੋਰੀਅਸ
/ਸਪੋਰਟਸ ਸਕੂਲ / ਆਦਰਸ਼ ਸਕੂਲ /ਯੂਨੀਵਰਸਿਟੀ ਕੈਂਪਸ ਸਕੂਲ
ਜਿਲ੍ਹਾ ਬਠਿੰਡਾ ।

ਪੱਤਰ ਨੰ : ਜੀ-1 /1 ( ) 2023 / 2068
ਮਿਤੀ : 14/02/2023

**ਵਿਸ਼ਾ : Re launching of buddy program ਸਬੰਧੀ ।**

ਹਵਾਲਾ : ਮਾਨਯੋਗ ਡਿਪਟੀ ਕਮਿਸ਼ਨਰ ਬਠਿੰਡਾ ਜੀ ਦੇ ਪ੍ਰਧਾਨਗੀ ਹੇਠ ਹੋਈ ਮੀਟਿੰਗ ਮਿਤੀ : 03/02/2023 ਦੇ ਸਬੰਧ ਵਿਚ ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮਾਰਚ 2023 ਤੱਕ ਹਰ ਸ਼ੁੱਕਰਵਾਰ ਘੱਟੋਂ-ਘੱਟ 30 ਮਿੰਟਾਂ ਲਈ ਨਸ਼ਿਆਂ ਵਿਰੁੱਧ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਹੇਠ ਲਿਖੇ ਅਨੁਸਾਰ ਗਤੀਵਿਧੀਆਂ ਕਰਵਾਈਆਂ ਜਾਣ। ਜੇਕਰ ਸ਼ੁੱਕਰਵਾਰ ਨੂੰ ਕੋਈ ਗਜਟਿਡ ਜਾਂ ਕਿਸੇ ਹੋਰ ਕਾਰਨਾ ਕਰਕੇ ਸਕੂਲ ਵਿਖੇ ਛੁੱਟੀ ਹੁੰਦੀ ਹੈ ਤਾਂ ਅਗਲੇ ਕੰਮ ਵਾਲੇ ਦਿਨ ਇਹ ਗਤੀਵਿਧੀਆਂ ਕਰਵਾਉਣੀਆਂ ਯਕੀਨੀ ਬਣਾਈਆਂ ਜਾਣ। ਪਿਛਲੇ ਸਾਲ ਦੀ ਤਰ੍ਹਾਂ ਹਰ ਸਕੂਲ ਵਿਚ ਬੱਡੀ ਗਰੁੱਪ ਸਬੰਧੀ ਇਕ ਨੋਡਲ ਅਫਸਰ ਲਗਾਇਆ ਜਾਵੇ । ਜੇਕਰ ਕਿਸੇ ਨੋਡਲ ਅਫਸਰ ਦੀ ਬਦਲੀ ਹੋ ਜਾਂਦੀ ਹੈ ਤਾਂ ਉਸ ਦੀ ਜਗ੍ਹਾ ਤੇ ਆਪਣੇ ਪੱਧਰ ਤੇ ਆਰਜ਼ੀ ਪ੍ਰਬੰਧ ਕੀਤਾ ਜਾਵੇ ਤਾਂ ਜੋ ਸਕੂਲ ਵਿਚ ਹੋ ਰਹੀਆਂ ਗਤੀਵਿਧੀਆਂ ਦਾ ਰਿਕਾਰਡ ਮੇਨਟੇਨ ਕੀਤਾ ਜਾ ਸਕੇ।

1. ਪਹਿਲੇ ਸ਼ੁੱਕਰਵਾਰ ਪੇਂਟਿੰਗ ਮੁਕਾਬਲਾ /ਪੋਸਟਰ ਮੇਕਿੰਗ ਮੁਕਾਬਲਾ / ਸਲੋਗਨ ਰਾਈਟਿੰਗ ਮੁਕਾਬਲਾ ਅਤੇ ਕਾਰਡ ਮੇਕਿੰਗ ਮੁਕਾਬਲੇ ਕਰਵਾਏ ਜਾਣ।
2. ਦੂਸਰੇ ਸ਼ੁੱਕਰਵਾਰ ਲੇਖ ਰਚਨਾ / ਭਾਸ਼ਨ ਮੁਕਾਬਲੇ ਜਾਂ ਬੱਡੀ ਗਰੁੱਪਾਂ ਦੀ ਨਸ਼ੇ ਦੇ ਪ੍ਰਭਾਵਾ ਸਬੰਧੀ ਚਰਚਾ ।
3. ਤੀਸਰੇ ਸ਼ੁੱਕਰਵਾਰ ਯੋਗਾ /ਕਸਰਤ / ਐਰੋਬਿਕ ਕਸਰਤ ਕਰਵਾਏ ਜਾਣ।
4. ਚੌਥੇ ਸ਼ੁੱਕਰਵਾਰ ਗੀਤ /ਕਵਿਤਾ ( ਜਿਹਨਾਂ ਵਿਚ ਨਸ਼ੇ ਦੇ ਬੁਰੇ ਪ੍ਰਭਾਵਾ ਨੂੰ ਦਰਸਾਇਆ ਜਾ ਸਕੇ ) ਕਰਵਾਏ ਜਾਣ।
5. ਹਰ ਹਫਤੇ ਘੱਟੋਂ -ਘੱਟ ਇਕ ਦਿਨ ਵਿਦਿਆਰਥੀਆਂ ਨੂੰ ਨਸ਼ੇ ਦੇ ਬੁਰੇ ਪ੍ਰਭਾਵਾਂ ਬਾਰੇ ਸੀਨੀਅਰ ਬੱਡੀ ਦੁਆਰਾ ਜਾਗਰੁਕ ਕੀਤਾ ਜਾਵੇ।

**ਇਸ ਤੋਂ ਇਲਾਵਾ ਹੇਠ ਲਿਖੀਆਂ ਹਦਾਇਤਾਂ ਦੀ ਸਕੂਲ ਮੁੱਖੀ ਵੱਲੋ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।**

1. ਹਰ ਸਕੂਲ ਵਿਚ ਇਕ Drug Monitoring ਕਮੇਟੀ ਬਣਾਈ ਜਾਵੇ। ਜਿਸ ਵਿਚ ਵਿਦਿਆਰਥੀਆਂ ਦੇ ਮਾਤਾ -ਪਿਤਾ ਨੂੰ ਵੀ ਸ਼ਾਮਿਲ ਕੀਤਾ ਜਾਵੇਗਾ। ਇਹ ਕਮੇਟੀ ਹਰ Quarter ਵਿਚ ਇਕ ਵਾਰੀ ਮੀਟਿੰਗ ਕਰੇਗੀ ਅਤੇ ਸਕੂਲਾਂ ਵਿਚ ਡਰੱਗ related issuses ਬਾਰੇ ਅਤੇ Buddy Program ਦੀ progress ਬਾਰੇ ਵਿਚਾਰ ਵਟਾਂਦਰਾ ਕਰੇਗੀ।

2. ਸਕੂਲਾਂ ਵਿਚ Senior Buddies ਵੱਲੋਂ Buddy Groups ਨੂੰ ਇਸ ਤਰ੍ਹਾਂ ਟ੍ਰੇਨਡ ਕੀਤਾ ਜਾਵੇ ਕਿ ਜਿਨ੍ਹਾ ਬੱਚਿਆਂ Parents ਦੇ ਵਿਚੋਂ ਕੋਈ ਡਰੱਗਜ਼ /ਸ਼ਰਾਬ ਦਾ ਸੇਵਨ ਕਰਦਾ ਹੋਵੇ, ਤਾਂ ਬੱਚਿਆਂ ਵੱਲੋਂ ਆਪਣੇ ਉਸ Parent ਨੂੰ ਡਰੱਗਜ਼ /ਸ਼ਰਾਬ ਨਾ ਕਰਨ ਲਈ ਪ੍ਰੇਰਿਆ ਜਾ ਸਕੇ।

3. ਸਕੂਲ ਸਮਾਂ ਸਾਰਣੀ ਵਿੱਚ ਬੱਡੀ ਗਤੀਵਿਧੀ ਲਈ ਪੱਕਾ ਪੀਰੀਅਡ ਨਿਸ਼ਚਿਤ ਕੀਤਾ ਜਾਵੇ।

4. ਨਸ਼ੇ ਦੇ ਪ੍ਰਭਾਵਾਂ ਤੋਂ ਮੁਕਤ ਹੋਣ ਲਈ ਇਸ ਨਾਲ ਸਬੰਧਿਤ ਵੀਡੀਓਜ਼ ਐਈਯੂਸੇਟ ਤੇ ਵਿਖਾਈਆ ਜਾਣ।

5. ਐਈਯੂਸੇਟ ਪ੍ਰੋਗਰਾਮ ਦੇ ਸ਼ਪੈਸ਼ਲ ਲੈਕਚਰ ਅਧੀਨ ਕਲਾਸ ਵਾਇਜ ਬੱਡੀ awareness ਲੈਕਚਰ ਵਿਖਾਏ ਜਾਣ।

6. ਸਵੇਰ ਦੀ ਸਭਾ ਵਿਚ ਸਹੁੰ ਚੁਕ ਰਾਹੀ ਮੈਂ ਨਸ਼ਿਆਂ ਤੋਂ ਦੂਰ ਰਹਾਂਗਾ ਤੇ ਆਪਣੇ ਪਰਿਵਾਰ ਨੂੰ ਵੀ ਇਸ ਤੋਂ ਦੂਰ ਰੱਖਾਗਾਂ ਵੀ ਇਸ ਵਿੱਚ ਸ਼ਾਮਿਲ ਕੀਤਾ ਜਾਵੇ।

7. ਸਮੂਹ ਕਰਮਚਾਰੀਆਂ ਵੱਲੋਂ DAPO ਦਾ Official Volunteer ਫਾਰਮ ਭਰਿਆ ਜਾ ਚੁੱਕਾ ਹੈ। ਇਸ ਸਬੰਧੀ ਹੇਠ ਲਿਖੇ ਅਨੁਸਾਰ ਰਿਪੋਰਟ ਹਰ ਮਹੀਨੇ ਭੇਜੀ ਜਾਵੇ।

| ਡੈਪੋ ਰਜਿਸਟਰਡ ਹੋਏ ਸਰਕਾਰੀ ਅਧਿਕਾਰੀ /ਕਰਮਚਾਰੀ ਦਾ ਨਾਮ | ਡੈਪੋ ਰਜਿਸਟਰਡ ਹੋਏ ਅਧਿਕਾਰੀ /ਕਰਮਚਾਰੀ ਵੱਲੋਂ ਜਿਸ ਡਰੱਗ ਨਾਲਪੀੜ੍ਹਤ ਵਿਅਕਤੀ ਦੀ ਪਛਾਣ ਕਰਕੇ ਉਸਨੂੰ OOAT Center ਤੋਂ ਦਵਾ ਦਵਾਈ ਗਈ ਉਸ OOAT Center ਦਾ ਨਾਮ | ਡੈਪੋ ਰਜਿਸਟਰਡ ਹੋਏ ਅਧਿਕਾਰੀ /ਕਰਮਚਾਰੀ ਵੱਲੋਂ ਜਿਸ ਡਰੱਗ ਨਾਲ ਪੀੜ੍ਹਤ ਵਿਅਕਤੀ ਦੀ ਪਛਾਣ ਕਰਕੇ ਉਸਨੂੰ OOAT Center ਤੋਂ ਦਵਾ ਦਵਾਈ ਗਈ ਕਿ ਉਹ ਨਸ਼ੇ ਤੋਂ ਮੁਕਤ ਹੋ ਚੁੱਕਿਆ ਹੈ ( ਕਿਤੇ ਉਹ Relapse ਤਾਂ ਨਹੀਂ ਹੋ ਗਿਆ ) |
|---|---|---|
| | | |

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ।